ਦਫਤਰ ਕਾਰਜਕਾਰੀ ਇੰਜੀਨਅਰ, ਪ੍ਰਾਂਤਕ ਮੰਡਲ ਨੰ: 2, ਲੋ: ਨਿ: ਵਿ, ਭ: ਤੇ ਮੰ: ਸ਼ਾਖਾ, ਪਟਿਆਲਾ
ਚੋਥੀ ਮੰਜਿਲ, ਬਲਾਕ-ਸੀ ਮਿੰਨੀ ਸਕੱਤਰੇਤ, ਪਟਿਆਲਾ ।
Email id : eepd2ptapwdpb@gmail.com Tel. & Fax No. 0175-2362100

---

ਵੱਲ

ਪ੍ਰਿੰਸੀਪਲ
ਸਮਾਰਟ ਮਾਈਂਡ ਪਬਲਿਕ ਸਕੂਲ,
ਮਹਿਮਾ, ਰਾਜਪੁਰਾ, ਜਿਲ੍ਹਾ ਪਟਿਆਲਾ ।

ਮਿਮੋ ਨੰ : ਮਿਤੀ

ਵਿਸ਼ਾ:- **ਸਕੂਲ (ਬਿਲਡਿੰਗ) ਸੇਫਟੀ ਸਰਟੀਫਿਕੇਟ ਜਾਰੀ ਕਰਨ ਬਾਰੇ।**
(ਸਮਾਰਟ ਮਾਈਂਡ ਪਬਲਿਕ ਸਕੂਲ, ਮਹਿਮਾ, ਰਾਜਪੁਰਾ, ਜਿਲ੍ਹਾ ਪਟਿਆਲਾ)

ਉਪਰੋਕਤ ਵਿਸ਼ੇ ਸਬੰਧੀ ਸਕੂਲ ਦਾ ਨਿਰੀਖਣ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਭ ਤੇ ਮ ਸ਼ਾਖਾ, ਰਾਜਪੁਰਾ ਵੱਲੋਂ ਕੀਤਾ ਗਿਆ। ਉਨ੍ਹਾਂ ਦੀ ਰਿਪੋਰਟ ਅਨੁਸਾਰ ਸਕੂਲ ਬਿਲਡਿੰਗ ਵੇਖਣ ਵਿੱਚ ਸੁਰੱਖਿਅਤ ਜਾਪਦੀ ਹੈ ਅਤੇ ਆਮ ਵਰਤੋਂ ਲਈ ਦਰੁੱਸਤ ਹੈ।

ਇਸ ਲਈ ਇਹ ਸੇਫਟੀ ਸਰਟੀਫਿਕੇਟ ਆਪ ਨੂੰ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਮਿਤੀ 31.03.2029 ਤੱਕ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ:-

1) ਜੇ ਸਕੂਲ ਦੀ ਇਮਾਰਤ ਵਿਚ ਕਿਸੇ ਕਿਸਮ ਦੀ ਤਬਦੀਲੀ ਕੀਤੀ ਜਾਂਦੀ ਹੈ ਤਾਂ ਇਹ ਕੰਮ ਕਿਸੇ ਯੋਗ ਇੰਜੀਨੀਅਰ ਦੀ ਦੇਖ ਰੇਖ ਵਿਚ ਕਰਵਾਇਆ ਜਾਵੇ ਤੇ ਕੰਮ ਮਕੰਮਲ ਹੋਣ ਉਪਰੰਤ ਸਬੰਧਤ ਅਧਿਕਾਰੀ ਤੋਂ ਇਸ ਦਾ ਸਰਟੀਫਿਕੇਟ ਦੁਬਾਰਾ ਲਿਆ ਜਾਵੇ ।
2) ਜੇ ਬਿਲਡਿੰਗ ਹੜਾਂ ਜਾਂ ਕਿਸੇ ਹੋਰ ਕੁਦਰਤੀ ਆਫਤਾਂ ਤੋਂ ਪ੍ਰਭਾਵਿਤ ਹੁੰਦੀ ਹੈ ਤਾਂ ਤੁਰੰਤ ਹੀ ਇਸ ਨੂੰ ਵਿਭਾਗ ਤੋਂ ਦੁਬਾਰਾ ਚੈੱਕ ਕਰਵਾਇਆ ਜਾਵੇ।
3) ਫਾਇਰ ਸੇਫਟੀ ਸਰਟੀਫਿਕੇਟ ਨਵੀਕਰਨ ਦੀ ਨਿਰੋਲ ਜਿੰਮੇਵਾਰੀ ਬਿਨੈਕਾਰ ਦੀ ਹੋਵੇਗੀ ਨਹੀਂ ਤਾਂ ਤੁਰੰਤ ਸਮੇਂ ਤੋਂ ਇਹ ਬਿਲਡਿੰਗ ਸੇਫਟੀ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ। ਫਾਇਰ ਸਟੇਸ਼ਨ ਅਫਸਰ ਦੀਆਂ ਸ਼ਰਤਾਂ ਮੁਤਾਬਕ ਅੱਗ ਬੁਝਾਊ ਯੰਤਰ ਤਸੱਲੀਬਖਸ਼ ਹੋਣੇ ਚਾਹੀਦੇ ਹਨ ਅਤੇ ਕਰਮਚਾਰੀ ਅੱਗ ਬੁਝਾਉਣ ਸਬੰਧੀ ਟਰੇਂਡ ਹੋਣੇ ਚਾਹੀਦੇ ਹਨ, ਇਸ ਨੂੰ ਯਕੀਨੀ ਬਣਾਇਆ ਜਾਵੇ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰ,2 :
ਭ: ਤੇ ਮ: ਸ਼ਾਖਾ, ਪਟਿਆਲਾ

ਪਿੱਠ ਅੰਕਣ ਨੰ: 1090 ਮਿਤੀ 4/6/19

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਭ ਤੇ ਮ ਸ਼ਾਖਾ, ਰਾਜਪੁਰਾ ਨੂੰ ਉਨ੍ਹਾਂ ਦੇ ਪੱਤਰ ਨੰ: 90 ਮਿਤੀ 28.05.2019 ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰ,2 :
ਭ: ਤੇ ਮ: ਸ਼ਾਖਾ, ਪਟਿਆਲਾ

Vinita Dehra
Principal,
Smart Mind Public School
Mehma Rajpura

For Smart Mind Public School
Chairman